# ਪੰਜਾਬ ਐਜੂਸੈਟ ਸੁਸਾਇਟੀ

ਐਸ.ਸੀ.ਓ.104-106,ਦੂਜੀ ਮੰਜ਼ਿਲ, ਸੈਕਟਰ-34ਏ, ਚੰਡੀਗੜ੍ਹ,

ਫੋਨ ਨੰ: 0172-2623207, 2621104, 2621106, ਫੈਕਸ: 2624687 ਈ-ਮੇਲ eudsat.punjab@gmail.com


ਸੇਵਾ ਵਿਖੇ

1.0 ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ।
2.0 ਸਬੰਧਤ ਸਕੂਲ ਮੁੱਖੀ, ਵਿਸ਼ਾ ਅਧਿਆਪਕ ਅਤੇ ਵਿਦਿਆਰਥੀ (ਵੈਬਸਾਈਟ ਰਾਹੀਂ)

ਮੀਮੋ ਨੰ. 24/40/2008/ਪੀ.ਈ.ਐਸ/ਸੈਕਟੋਰਲ ਕਮੇਟੀ/3532
ਮਿਤੀ, ਚੰਡੀਗੜ੍ਹ: 26.04.2013

ਵਿਸ਼ਾ: **ਐਜੂਸੈਟ ਸ਼ਡਿਊਲ ਮਹੀਨਾ ਮਈ 2013.**

1.0 ਨਵੇਂ ਵਿੱਦਿਅਕ ਵਰ੍ਹੇ ਦਾ ਐਜੂਸੈਟ ਟਾਈਮ ਟੇਬਲ ਪੱਤਰ ਨੰ. 24/40/2013/ਪੀ.ਈ.ਐਸ/ਟਾਈਮ-ਟੇਬਲ/3835-36, ਮਿਤੀ 12.03.2013 ਨੂੰ ਸਬੰਧਤ ਸਕੂਲ ਮੁੱਖੀਆਂ, ਅਧਿਆਪਕਾਂ ਅਤੇ ਵਿੱਦਿਆਰਥੀਆਂ ਲਈ ਵੈਬਸਾਈਟ ਰਾਹੀਂ ਉਪਲਭਧ ਕਰਵਾ ਦਿੱਤਾ ਗਿਆ ਹੈ।

2.0 ਮਈ 2013 ਦੀ ਐਜੂਸੈਟ ਸ਼ਡਿਊਲ ਵੀ ਜਿਸ ਵਿੱਚ 8ਵੀਂ ਤੋਂ 12ਵੀਂ ਜਮਾਤ ਲਈ ਸਕੂਲ ਸਿੱਖਿਆ ਵਿਭਾਗ ਲਈ ਨਸ਼ਰ ਕੀਤੇ ਜਾਣ ਵਾਲੇ ਰੈਗੂਲਰ ਪ੍ਰੋਗਰਾਮਾਂ ਦਾ ਵੇਰਵਾ ਹੈ, ਭੇਜੀ ਜਾ ਰਹੀ ਹੈ। ਕ੍ਰਿਪਾ ਕਰਕੇ ਸਬੰਧਤ ਸਕੂਲ ਮੁੱਖੀ ਯਕੀਨੀ ਬਣਾਉਣ ਕਿ ਸ਼ਡਿਊਲ ਮੁਤਾਬਿਕ ਸਬੰਧਤ ਵਿਸ਼ਾ ਅਧਿਆਪਕ ਅਤੇ ਵਿਦਿਆਰਥੀ ਐਜੂਸੈਟ ਰੂਮ ਵਿੱਚ ਹਾਜ਼ਰ ਰਹਿ ਕੇ ਨਸ਼ਰ ਕੀਤੇ ਪ੍ਰੋਗਰਾਮਾ ਵਿੱਚ ਭਾਗ ਲੈਣ। ਟੈਲੀਕਾਸਟ ਸਮੇਂ ਕਿਸੇ ਤਕਨੀਕੀ ਖਰਾਬੀ ਕਾਰਣ ਨੈਟਵਰਕ ਫੇਲ ਹੋ ਜਾਣ ਦੀ ਸੂਰਤ ਵਿੱਚ ਸਬੰਧਤ ਵਿਸ਼ਾ ਅਧਿਆਪਕ ਉਸ ਟਾਪਿਕ ਨੂੰ ਪੂਰਾ ਕਰੇਗਾ। ਐਜੂਸੈਟ ਲਾਈਬਰੇਰੀ ਦੀ ਵਰਤੋਂ ਪੀਰੀਅਡ ਐਡਜਸਟਮੈਂਟ ਲਈ ਜਰੂਰ ਕੀਤੀ ਜਾਵੇ। ਸਕੂਲ ਮੁੱਖੀ, ਵਿਸ਼ਾ ਅਧਿਆਪਕ ਅਤੇ ਵਿਦਿਆਰਥੀ ਪ੍ਰੋਗਰਾਮਾਂ ਨੂੰ ਹੋਰ ਬਿਹਤਰ ਬਣਾਉਣ ਲਈ ਆਪਣੇ ਸੁਝਾਓ ਵੀ ਈ-ਮੇਲ edusat.punjab@gmail.com ਰਾਹੀਂ ਜਰੂਰ ਭੇਜਣ।

3.0 ਨਵੇਂ ਵਿੱਦਿਅਕ ਵਰ੍ਹੇ ਵਿੱਚ 11ਵੀਂ ਜਮਾਤ ਦੇ ਵਿੱਦਿਆਰਥੀਆਂ ਲਈ ਉਹਨਾਂ ਦੇ ਅੰਗਰੇਜੀ ਵਿਸ਼ੇ ਦੇ ਅਧਿਆਪਕਾਂ ਰਾਹੀਂ ਸਾਫਟ ਸਕਿਲਜ਼ ਡਿਵੈਲਪਮੈਂਟ ਪ੍ਰੋਗਰਾਮ ਵੀ ਲਾਗੂ ਕੀਤਾ ਜਾ ਰਿਹਾ ਹੈ ਜਿਸ ਅਨੁਸਾਰ ਐਜੂਸੈਟ ਟਾਈਮ ਟੇਬਲ ਵਿੱਚ ਹਫਤੇ ਵਿੱਚ 2 ਪੀਰੀਅਡ ਰੱਖੇ ਗਏ ਹਨ ਅਤੇ ਵੱਧ ਗਿਣਤੀ ਵਾਲੇ ਸਕੂਲਾਂ ਲਈ 2 ਹੋਰ ਪੀਰੀਅਡ ਰਿਪੀਟ ਟੈਲੀਕਾਸਟ ਲਈ ਵੀ ਰੱਖੇ ਹਨ। ਸਬੰਧਿਤ ਜਮਾਤ ਨੂੰ ਅੰਗਰੇਜੀ ਪੜ੍ਹਾ ਰਿਹਾ ਅਧਿਆਪਕ/ਲੈਕਚਰਾਰ ਇਸ ਪ੍ਰੋਗਰਾਮ ਨੂੰ ਆਪਣੇ ਵਿਸ਼ੇ ਦੇ ਕੰਮ ਦੇ ਨਾਲ-ਨਾਲ ਐਡੀਸ਼ਨਲ ਡਿਊਟੀ ਵੱਜੋਂ ਕਰਨਗੇ।

4.0 ਐਜੂਸੈਟ ਰੂਮ ਅਤੇ ਐਜੂਸੈਟ ਲਾਈਬਰੇਰੀ ਵਿੱਚ ਹਰ ਸਬੰਧਤ ਪੀਰੀਅਡ ਵਿੱਚ ਵਿਦਿਆਰਥੀਆਂ ਦੀ ਹਾਜ਼ਰੀ ਐਜੂਸੈਟ ਰਜਿਸਟਰ ਵਿੱਚ ਲਗਾਈ ਜਾਵੇ ਅਤੇ ਸਟੇਟ ਦਫਤਰ ਵੱਲੋਂ ਟੈਲੀਫੂਨ ਰਾਹੀ ਸਕੂਲ ਮੁੱਖੀਆਂ, ਵਿਸ਼ਾ ਅਧਿਆਪਕਾਂ ਅਤੇ ਵਿਦਿਆਰਥੀਆਂ ਤੋਂ ਲਿਆ ਜਾਣ ਵਾਲਾ ਫੀਡਬੈਕ ਵੀ ਦਿੱਤਾ ਜਾਵੇ। ਸਕੂਲ ਮੁੱਖੀ ਐਜੂਸੈਟ ਰਜਿਸਟਰ ਵਿੱਚ, ਐਜੂਸੈਟ ਪ੍ਰੋਗਰਾਮਾ ਦਾ ਰਿਕਾਰਡ ਵੀ ਤਸਦੀਕ ਕਰੇਗਾ, ਜਿਸ ਵਿੱਚ ਵਿਦਿਆਰਥੀਆਂ ਦੀ ਗਿਣਤੀ ਅਤੇ ਸਬੰਧਤ ਅਧਿਆਪਕ ਦਾ ਨਾਮ ਵੀ ਦਰਜ ਹੋਵੇ।

5.0 ਸਮੂਹ ਪ੍ਰਿੰਸੀਪਲ ਇੰਨਸਰਵਿਸ ਟ੍ਰੇਨਿੰਗ ਸੈਂਟਰ ਅਤੇ ਪ੍ਰਿੰਸੀਪਲ ਡਾਈਟ ਨਸ਼ਰ ਕੀਤੇ ਪ੍ਰੋਗਰਾਮਾਂ ਦੀ ਹਫਤਾਵਾਰ ਇਵੈਲੂਏਸ਼ਨ ਰਿਪੋਰਟ ਸਬੰਧਤ ਵਿਸ਼ੇ ਦੇ ਸੰਸਥਾ ਦੇ ਲੈਕਚਰਾਰ ਤੋਂ ਤਿਆਰ ਕਰਵਾ ਕੇ ਈ-ਮੇਲ ਰਾਹੀਂ edusat.punjab@gmail.com ਤੇ ਭੇਜਣੀ ਯਕੀਨੀ ਬਣਾਉਣ।

ਸਕੱਤਰ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ

ਪਿੱਠ ਅੰਕਣ ਨੰ. 24/40/2008/ਪੀ.ਈ.ਐਸ/ਸੈਕਟੋਰਲ ਕਮੇਟੀ/3533 ਮਿਤੀ,ਚੰਡੀਗੜ੍ਹ: 26.04.2013

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡੀ.ਪੀ.ਆਈ. (ਸੈ.ਸਿ.) ਪੰਜਾਬ, ਚੰਡੀਗੜ੍ਹ
2. ਵਧੀਕ ਐਸ.ਪੀ.ਡੀ, ਐਸ.ਐਸ.ਏ, ਸੈਕਟਰ 34-ਏ, ਚੰਡੀਗੜ੍ਹ।
3. ਸਬੰਧਤ ਵਿਸ਼ਾ ਮਾਹਿਰ, ਐਜੂਸੈਟ ।
4. ਡੀ.ਐਮ.(ਐਮ.ਆਈ.ਐਸ) ਨੂੰ ਤੁਰੰਤ ਵੇਬਸਾਈਟ ਤੇ ਪਾਉਣ ਹਿੱਤ।

ਸਕੱਤਰ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ